**ਦਫਤਰ: ਮੁੱਖ ਇੰਜੀਨੀਅਰ (ਹੈੱਡ ਕੁਆਰਟਰ)**
**ਪੰਜਾਬ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ), ਨਿਰਮਾਣ ਭਵਨ, ਬਲਾਕ-ਸੀ,**
**ਮਿੰਨੀ ਸਕੱਤਰੇਤ, ਪਟਿਆਲਾ।**

**ਅਤਿ ਜ਼ਰੂਰੀ**

ਵੱਲ

ਸਮੂਹ ਨਿਗਰਾਨ ਇੰਜੀਨੀਅਰਜ਼,
ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ,
(ਸਮੇਤ ਬਿਜਲੀ ਅਤੇ ਮਕੈਨੀਕਲ ਸਰਕਲ)

ਮੀਮੋ ਨੰ: 945-64 /ਬਜਟ ਬ੍ਰਾਂਚ ਮਿਤੀ: 11-01-2018

**ਵਿਸ਼ਾ: ਮਹੀਨਾਵਾਰ ਤਨਖਾਹਾਂ ਸਬੰਧੀ ਬੇਨਿਯਮੀਆਂ ਰੋਕਣ ਲਈ ਸਮੇਂ-ਸਮੇਂ ਸਿਰ ਚੈਕਿੰਗ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਹਿਦਾਇਤ ਕੀਤੀ ਜ਼ਾਂਦੀ ਹੈ ਕਿ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਤਨਖਾਹ ਦੇ ਬਿੱਲ ਬਣਾਉਣ ਸਮੇਂ ਕਈ ਦਫਤਰਾਂ ਵਿਚ ਬੇਨਿਯਮੀਆਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਆਪ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਸਮੇਂ ਸਮੇਂ ਸਿਰ ਆਪਣਾ ਅਤੇ ਆਪਣੇ ਅਧੀਨ ਕੰਮ ਕਰਦੇ ਦਫਤਰਾਂ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ ਕਿ:-

1) ਤਨਖਾਹ ਦੇ ਬਿੱਲ ਤਿਆਰ ਕਰਨ ਸਮੇਂ ਤਨਖਾਹ ਲਿਸਟ ਨੂੰ ਨੋਟਿਸ ਬੋਰਡ ਉਪਰ ਡਿਸਪਲੇ ਕੀਤਾ ਗਿਆ ਹੈ।
2) ਬਿੱਲਾਂ ਵਿਚ ਦਰਜ ਕਰਮਚਾਰੀ ਦਾ ਨਾਮ ਅਤੇ ਉਸਦਾ ਖਾਤਾ ਨੰਬਰ ਚੈੱਕ ਕਰਕੇ ਡੀ.ਡੀ.ਓ, ਸੁਪਰਡੰਟ, ਡਵੀਜਨਲ ਅਕਾਊਂਟ ਅਫਸਰ ਅਤੇ ਸਬੰਧਤ ਸਟਾਫ ਵੱਲੋਂ ਸਰਟੀਫੀਕੇਟ ਦਿੱਤਾ ਗਿਆ ਹੈ ਕਿ ਸਬੰਧਤ ਕਰਮਚਾਰੀ ਦਾ ਹੀ ਖਾਤਾ ਨੰਬਰ ਹੈ।
3) ਬਿੱਲ ਰਜਿਸਟਰ ਵਿਚ ਅਸਲ ਦਫਤਰੀ ਹੁਕਮ ਦੀ ਕਾਪੀ ਲਗਾਈ ਗਈ ਹੈ, ਅਮਲਾ ਸ਼ਾਖਾ ਵੱਲੋਂ ਹਰ ਮਹੀਨੇ ਹਾਜਰੀ ਰਿਪੋਰਟ ਅਕਾਊਂਟ ਬ੍ਰਾਂਚ ਨੂੰ ਭੇਜੀ ਗਈ ਹੈ, ਤਨਖਾਹ ਤੋਂ ਇਲਾਵਾ ਕੋਈ ਹੋਰ ਬਿੱਲ ਦੀ ਅਦਾਇਗੀ ਕਰਨ ਸਮੇਂ ਅਸਲ ਆਫਿਸ ਆਡਰ ਉੱਤੇ ਬਿੱਲ ਲਗਾਏ ਗਏ ਹਨ।
4) ਈ.ਸੀ.ਐਸ ਮੀਮੋ ਨੂੰ ਪੇ-ਬਿੱਲ ਨਾਲ ਮਿਲਾਨ ਕਰ ਲਿਆ ਹੈ ਅਤੇ ਠੀਕ ਹੈ।ਆਡਿਟ ਇੰਸਪੈਕਸ਼ਨ ਲਈ ਈ.ਸੀ.ਐਸ ਮੀਮੋ ਬੇਸਡ ਸਬਸੀਡਰੀ ਅਤੇ ਮੇਨ ਕੈਸ਼ ਬੁੱਕ ਸਹੀ ਸਮੇਂ ਅਤੇ ਠੀਕ ਢੰਗ ਨਾਲ ਲਿਖੀ ਗਈ ਹੈ।ਇਸ ਲਈ ਸੰਭਾਵਿਤ ਰੁਟੀਨ/ਸਪੈਸ਼ਲ ਆਡਿਟ ਲਈ ਡੀ.ਡੀ.ਓ ਦਫਤਰ ਦਾ ਰਿਕਾਰਡ ਦਰੁਸਤ ਹੈ।

ਡੀ.ਡੀ.ਓਜ ਵੱਲੋਂ ਪੇ-ਬਿੱਲਾਂ ਅਧੀਨ ਸਰਟੀਫਿਕੇਟ ਦਿੱਤਾ ਗਿਆ ਹੈ ਕਿ:-

> "it is certified that the posts against salary is being drawn, are actually filled up at present and that should be released for the month of ..."
> "ਇਹ ਤਸਦੀਕ ਕੀਤਾ ਜ਼ਾਂਦਾ ਹੈ ਕਿ ਉਪਰੋਕਤ ਕਰਮਚਾਰੀਆਂ ਵਿਚੋ ਕੋਈ ਵੀ ਕਰਮਚਾਰੀ ਡੈਪੂਟੇਸ਼ਨ ਤੇ ਤੈਨਾਤ ਨਹੀਂ ਹੈ"
> "ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੇ ਕਰਮਚਾਰੀ ਤਨਖਾਹ ਡਰਾਅ ਕਰਾ ਰਹੇ ਹਨ ਉਹਨਾਂ ਦੇ ਨਾਮ ਅਤੇ ਅਕਾਊਂਟ ਨੰਬਰ ਸਹੀ ਹਨ"

ਜੇਕਰ ਇਸ ਸਬੰਧੀ ਕੋਈ ਬੇਨਿਯਮੀ ਪਤਾ ਚਲਦੀ ਹੈ ਉਸ ਕਰਮਚਾਰੀ/ਅਧਿਕਾਰੀ ਉਪਰ ਤੁਰੰਤ ਅਨੁਸ਼ਾਸ਼ਨੀ ਕਾਰਵਾਈ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਇਸ ਸਬੰਧੀ ਆਪਣੇ ਹਲਕਾ ਦਫਤਰ ਸਮੇਤ ਅਧੀਨ ਕੰਮ ਕਰਦੇ ਦਫਤਰ ਦੀ ਡੀ.ਡੀ.ਓ ਵਾਇਜ਼ ਇਸ ਸਾਲ ਦੀ ਹੁਣ ਤੱਕ ਦੀ ਤਨਖਾਹ ਦੇ ਪ੍ਰਜੈਂਟਡ ਬਿੱਲ ਅਤੇ ਮਹੀਨਾ ਜਨਵਰੀ ਅਤੇ ਫਰਵਰੀ ਦੀ ਤਨਖਾਹ ਦਾ ਅਸਲ ਲੋੜੀਂਦਾ ਬਜਟ ਚੰਗੀ ਤਰਾਂ ਘੋਖ ਪੜਤਾਲ ਕਰਕੇ 15-01-2018 11.00 ਵਜੇ ਤੋਂ ਪਹਿਲਾਂ budgetpwd@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

| ਮੱਦ 2059-80-001-01-00-01 (ਸਿਰਫ ਤਨਖਾਹ) | | | | |
|---|---|---|---|---|
| **ਲੜੀ ਨੰ** | **ਡੀ.ਡੀ.ਓ ਦਾ ਨਾਮ** | **ਡੀ.ਡੀ.ਓ ਦਾ ਕੋਡ** | **ਸਾਲ (01.04.2017 ਤੋਂ 31.12.2017) ਤੱਕ ਦੀ ਤਨਖਾਹ ਦੇ ਪ੍ਰਜੈਂਟਡ ਬਿੱਲ (ਰੁਪਏ ਵਿੱਚ)** | **ਮਹੀਨਾ ਜਨਵਰੀ ਅਤੇ ਫਰਵਰੀ ਦੀ ਤਨਖਾਹ ਦਾ ਅਸਲ ਲੋੜੀਂਦਾ ਬਜਟ (ਰੁਪਏ ਵਿੱਚ)** |
| 1 | 2 | 3 | 4 | 5 |
| | | | | |
| | | | | |

ਜੇਕਰ ਸੂਚਨਾਂ ਸਮੇਂ ਸਿਰ ਨਾਂ ਭੇਜਣ ਕਰਕੇ ਤਨਖਾਹ ਲੇਟ ਹੁੰਦੀ ਹੈ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਦੀ ਜਿੰਮੇਵਾਰੀ ਹੋਵੇਗੀ।

ਮੁੱਖ ਇੰਜੀਨੀਅਰ,ਪੰਜਾਬ (ਹੈੱਡ ਕੁਆਰਟਰ)
ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ
ਪਟਿਆਲਾ

*ਉਪਰੋਕਤ ਦੀ ਮੇਲ ਕਾਪੀ ਸਾਰੇ ਮੁੱਖ ਇੰਜੀਨੀਅਰਜ਼ / ਨਿਗਰਾਨ ਇੰਜੀਨੀਅਰਜ਼/ ਕਾਰਜਕਾਰੀ ਇੰਜੀਨੀਅਰਜ਼/ ਕੈਸ਼ ਭਾਗ ਮੁੱਖ ਦਫਤਰ/ ਸਾਰੇ ਡੀ.ਡੀ.ਓਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਕਰ ਦਿੱਤੀ ਗਈ ਹੈ।

ਟੈਲੀਫੋਨ: 0175-2360003, 2360009 ਈ-ਮੇਲ: cehqpta@yahoo.com ਫੈਕਸ:0175-2357556